# ਦਫ਼ਤਰ ਨਗਰ ਨਿਗਮ ਹੁਸ਼ਿਆਰਪੁਰ।

## ਪ੍ਰੈਸ-ਨੋਟ

## ਮੇਅਰ ਸ਼ਿਵ ਸੂਦ ਵੱਲੋਂ ਰਾਤ ਵੇਲੇ ਸਫਾਈ ਸਬੰਧੀ ਚੈਕਿੰਗ

## ਸ਼ਹਿਰ ਵਾਸੀ ਅਤੇ ਦੁਕਾਨਦਾਰ ਆਪਣਾ ਕਚਰਾ ਸੜਕਾਂ ਤੇ ਸੁਟੱਣ ਦੀ ਬਜਾਏ ਨਿਰਧਾਰਤ ਥਾਵਾਂ ਤੇ ਸੁਟੱਣ

ਹੁਸ਼ਿਆਰਪੁਰ 26 ਮਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ ਚਲਾਏ ਜਾ ਰਹੇ ਸਵੱਛ ਭਾਰਤ ਅਭਿਆਨ ਤਹਿਤ ਨਗਰ ਨਿਗਮ ਵਲੋਂ ਸਾਰੇ ਸ਼ਹਿਰ ਵਿੱਚ ਸਫਾਈ ਰਖੱਣ ਦੇ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ। ਸ਼ਹਿਰ ਦੀਆਂ ਪ੍ਰਮੁੱਖ ਥਾਵਾਂ ਤੇ ਡਸਟਬਿਨ ਲਗਾਏ ਗਏ ਹਨ। ਸ਼ਹਿਰ ਵਿੱਚ ਸਫਾਈ ਰਖੱਣ ਲਈ ਸਵੈ ਸੇਵੀ ਸੰਸਥਾਵਾਂ ਅਤੇ ਸ਼ਹਿਰ ਨਿਵਾਸੀਆਂ ਦਾ ਵੀ ਸਹਿਯੋਗ ਲਿਆ ਜਾ ਰਿਹਾ ਹੈ। ਇਹ ਜਾਣਕਾਰੀ ਦਿੰਦਿਆ ਨਗਰ ਨਿਗਮ ਦੇ ਮੇਅਰ ਸ਼ਿਵ ਸੂਦ ਨੇ ਦੱਸਿਆ ਕਿ ਕੁੱਝ ਸ਼ਹਿਰ ਵਾਸੀਆਂ ਵੱਲੋਂ ਨਗਰ ਨਿਗਮ ਨੂੰ ਸ਼ਿਕਾਇਤ ਕੀਤੀ ਜਾ ਰਹੀ ਸੀ ਕਿ ਸ਼ਹਿਰ ਦੇ ਕੁੱਝ ਲੋਕ ਅਤੇ ਦੁਕਾਨਦਾਰ ਰਾਤ ਦੇ ਸਮੇਂ ਸੜਕਾਂ ਤੇ ਆਪਣਾ ਕਚਰਾ ਸੁਟਦੇ ਹਨ ਜਿਸਨੂੰ ਦੇਖਦੇ ਹੋਏ ਉਹਨ੍ਹਾ ਨੇ ਬੀਤੀ ਰਾਤ ਕੌਂਸਲਰ ਰਮੇਸ਼ ਠਾਕੁਰ, ਅਸ਼ੋਕ ਕੁਮਾਰ ਅਤੇ ਵਿਨੋਦ ਪਰਮਾਰ ਨੂੰ ਲੈ ਕੇ ਸ਼ਹਿਰ ਦਾ ਦੋਰਾ ਕੀਤਾ।ਦੋਰਾ ਕਰਦੇ ਸਮੇਂ ਬੱਸ ਸਟੈਂਡ ਹੁਸ਼ਿਆਰਪੁਰ ਦੇ ਨਜਦੀਕ ਚੋਂਕ ਵਿੱਚ ਇਕ ਰੇਹੜੀ ਚਾਲਕ ਸੜਕ ਤੇ ਰੇਹੜੀ ਵਿੱਚੋ ਕਚਰਾ ਸੁਟਦੇ ਸਮੇ ਪਕੜਿਆ ਗਿਆ ਜਿਸਨੂੰ ਪੱਛ ਗਿੱਛ ਕਰਨ ਤੇ ਉਸਨੇ ਦੱਸਿਆ ਕਿ ਇਹ ਕਚਰਾ ਇਕ ਚਿਕਨ ਸ਼ਾਪ ਦਾ ਹੈ। ਜਿਸ ਤੇ ਉਹਨ੍ਹਾਂ ਨੇ ਉਸਨੂੰ ਕਚਰਾ ਦੋਬਾਰਾ ਰੇਹੜੀ ਵਿੱਚ ਪਾ ਕੇ ਨਿਰਧਾਰਤ ਥਾਂ ਤੇ ਸੁਟੱਣ ਲਈ ਕਿਹਾ ਅਤੇ ਨਗਰ ਨਿਗਮ ਦੇ ਸੈਨਟਰੀ ਵਿਭਾਗ ਦੇ ਸਬੰਧਤ ਅਧਿਕਾਰੀਆਂ ਨੂੰ ਇਸ ਸਬੰਧੀ ਬਣਦੀ ਕਾਰਵਾਈ ਕਰਨ ਦੇ ਆਦੇਸ਼ ਦਿੱਤੇ।

ਮੇਅਰ ਸ਼ਿਵ ਸੂਦ ਨੇ ਸ਼ਹਿਰ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਆਪਣੇ ਘਰਾਂ ਅਤੇ ਦੁਕਾਨਾਂ ਦਾ ਕਚਰਾ ਨਿਰਧਾਰਿਤ ਥਾਵਾਂ ਤੇ ਸੁਟਣ ਤਾਂ ਜ਼ੋ ਭਾਰਤ ਦੇ ਪ੍ਰਧਾਨ ਮੰਤਰੀ ਸ੍ਰੀ ਨਰਿਦੰਰ ਮੋਦੀ ਦੇ ਸੁਪਨੇ ਨੂੰ ਸਾਕਾਰ ਕਰਦੇ ਹੋਖ਼ਏ ਸ਼ਹਿਰ ਨੂੰ ਸਾਫ ਸੁਥਰਾ ਰਖਿਆ ਜਾ ਸਕੇ।ਉਹਨ੍ਹਾਂ ਨੇ ਦੱਸਿਆ ਕਿ ਨਿਰਧਾਰਤ ਥਾਵਾਂ ਤੇ ਕਚਰਾ ਨਾ ਸੁਟਣ ਵਾਲੇ ਲੋਕਾਂ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇਗੀ।